ਸਾਹਿਤਾ ਤੇ ਮੁੜ ਸਥਾਪਨ ਵਿਭਾਗ
(ਆਰ.ਆਰ.ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਵਿੱਚ ਸਮੂਹ ਵਿਭਾਗਾਂ ਦੇ ਮੁੱਖੀ

ਮੀਮੋ ਨ:5/41/2002-ਰਰ4/ 5564
ਚੰਡੀਗੜ੍ਹ, ਮਿਤੀ 5-5-2004

ਵਿਸ਼ਾ:- ਅਤਵਾਦ/ਦੰਗਾ ਪ੍ਰਭਾਵਿਤ ਵਿਅਕਤੀਆਂ ਦੇ ਪਰਿਵਾਰਾਂ ਦੇ ਨਿਰਭਰ ਮੈਂਬਰਾਂ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਸਮੇਂ ਉਨਾਂ ਦੀ ਪੋਸਟਿੰਗ ਘਰਾਂ ਦੇ ਨਜਦੀਕ ਕਰਨ ਬਾਰੇ ।

****

ਸ੍ਰੀਮਾਨ ਜੀ ,

ਜਿਵੇਂ ਆਪ ਨੂੰ ਪਤਾ ਹੈ ਸਰਕਾਰ ਵਲੋਂ ਅਤਵਾਦ/ਦੰਗਾ ਪ੍ਰਭਾਵਿਤ ਵਿਅਕਤੀਆਂ ਦੇ ਪਰਿਵਾਰਾਂ ਦੇ ਨਿਰਭਰ ਮੈਂਬਰਾਂ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਲਈ ਪਹਿਲ ਦਿਤੀ ਜਾ ਰਹੀ ਹੈ। ਜਿਸ ਸਦਕਾ ਅਜਿਹੇ ਕਈ ਵਿਅਕਤੀ ਨੌਕਰੀ ਪਾ ਗਏ ਹਨ ਅਤੇ ਕਈ ਪਾ ਰਹੇ ਹਨ । ਕਿਉਂ ਜੋ ਅਜਿਹੇ ਪਰਿਵਾਰਾਂ ਨੇ ਪਹਿਲਾਂ ਹੀ ਬਹੁਤ ਦੁਖ ਸਹੇ ਹੁੰਦੇ ਹਨ, ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਅਜਿਹੇ ਵਿਅਕਤੀਆਂ ਦੀ ਨਿਯੁਕਤੀ ਕਰਨ ਸਮੇਂ ਉਨਾਂ ਨੂੰ , ਜਿਥੋਂ ਤਕ ਸੰਭਵ ਹੋ ਸਕੇ, ਉਨਾਂ ਦੇ ਘਰ ਦੇ ਨਜ਼ਦੀਕ ਹੀ ਐਡਜਸਟ ਕਰਨ ਦੀ ਕਿਰਪਾਲਤਾ ਕੀਤੀ ਜਾਵੇ ਅਤੇ ਅਜਿਹੀ ਪੋਸਟਿੰਗ ਪਹਿਲੇ 5-7 ਸਾਲ ਘਰ ਦੇ ਨਜ਼ਦੀਕ ਹੀ ਰੱਖਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਜੋ ਉਹ ਨੌਕਰੀ ਵਿੱਚ ਹੁੰਦੇ ਹੋਏ ਆਪਣੇ ਆਸ਼ਰਿਤ ਪਰਿਵਾਰਕ ਮੈਂਬਰਾਂ ਦੀ ਦੇਖਭਾਲ ਕਰ ਸਕਣ । ਨਾਲ ਹੀ ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਅਜਿਹੇ ਨਵੇਂ ਨਿਯੁਕਤ ਕਰਮਚਾਰੀਆਂ ਨੂੰ ਪਹਿਲਾਂ ਡਾਇਰੀ/ਡਿਸਪੈਚ ਜਾਂ ਹੋਰ ਮੁਢਲੇ ਕੰਮਾਂ ਤੇ ਲਗਾਇਆ ਜਾਵੇ ਅਤੇ ਨਾਲ ਦੇ ਕਰਮਚਾਰੀਆਂ ਨੂੰ ਉਨ੍ਹਾਂ ਨੂੰ ਇਨ ਸਰਵਿਸ ਟਰੇਂਡ ਕਰਨ ਲਈ ਕਿਹਾ ਜਾਵੇ ਤਾਂ ਜੋ ਉਹ ਸੇਵਾ ਦੇ ਪਹਿਲੇ ਸਾਲਾਂ ਦੌਰਾਨ ਦਫਤਰੀ ਕੰਮ ਦੀ ਮਹਾਰਤ ਹਾਸਲ ਕਰ ਲੈਣ ।

2. ਇਹ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਹਦਾਇਤਾਂ ਆਪ ਦੇ ਅਧੀਨ ਸਾਰੇ ਦਫਤਰਾਂ ਦੇ ਧਿਆਨ ਵਿੱਚ ਵੀ ਲਿਆ ਦਿੱਤੀਆਂ ਜਾਣ ।

ਵਿਸ਼ਵਾਸ਼ਪਾਤਰ

ਵਧੀਕ ਸਕੱਤਰ, ਪੰਜਾਬ ਸਰਕਾਰ
ਸਾਹਿਤਾ ਤੇ ਮੁੜ ਸਥਾਪਨ ਵਿਭਾਗ

ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਪੰਜਾਬ ਸਰਕਾਰ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਘੱਲਿਆ ਜਾਂਦਾ ਹੈ ।

ਵਧੀਕ ਸਕੱਤਰ, ਪੰਜਾਬ ਸਰਕਾਰ
ਸਾਹਿਤਾ ਤੇ ਮੁੜ ਸਥਾਪਨ ਵਿਭਾਗ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ ।

ਅੰ:ਵਿ:ਪੱਤਰ ਨੰ:5/41/2002-ਰਰ4/ 5565 ਚੰਡੀਗੜ੍ਹ, ਮਿਤੀ 5-5-2004